ਅਰਮਾਨ (ARMAAN)
Vol. 3 | Issue 2 | Apr-Jun 2025

ISSN: 2583-9446 (Online)
Paper Published Id: ARMN030203
Available online at: www.armaan.org.in
DOI: https://doi.org/10.64119/armaan.vol.3.issue2.03

# SUN SAMADHI: PURAN ABHED

## (HARPREET KAUR DHOOT DE KAHANI SANGRHI 'SOORAJ HAAR GIA HAI' DE SANDRBH CH)

# ਸੁੰਨ ਸਮਾਧੀ : ਪੂਰਨ ਅਭੇਦ

## (ਹਰਪ੍ਰੀਤ ਕੌਰ ਧੂਤ ਦੇ ਕਹਾਣੀ ਸੰਗ੍ਰਹਿ 'ਸੂਰਜ ਹਾਰ ਗਿਆ ਹੈ' ਦੇ ਸੰਦਰਭ 'ਚ)

**ਡਾ. ਰਜਨੀ ਹੰਸ (Dr Rajni Hans)**

**ਅਸਿਸਟੈਂਟ ਪ੍ਰੋਫੈਸਰ, ਹਿਊਮੈਨਿਟੀਜ਼, ਲੈਂਗੁਏਜਸ ਐਂਡ ਕਲਚਰਲ ਸਟੱਡੀਜ਼ ਵਿਭਾਗ**

(Assistant Professor, Dept. of Humanities, Languages and Cultural Studies,)

**ਆਈ ਕੇ ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਕਪੂਰਥਲਾ (ਪੰਜਾਬ)।**

Email ID: rajnihans21@gmail.com ਮੋਬਾਈਲ: +91-98558-44702

**ਸਾਰ (Abstract)**

*ਸੁੰਨ ਸਮਾਧੀ ਸਿੱਖ ਧਰਮ ਦੀ ਅਧਿਆਤਮਕ ਯਾਤਰਾ ਵਿੱਚ ਇੱਕ ਉੱਚੀ ਅਵੱਸਥਾ ਹੈ ਜੋ ਵਿਅਕਤੀ ਨੂੰ ਆਪਣੇ ਆਪ ਨਾਲ ਪੂਰੀ ਤਰ੍ਹਾਂ ਜੁੜਨ ਅਤੇ ਪਰਮਾਤਮਾ ਨਾਲ ਏਕਤਾ ਦਾ ਅਨੁਭਵ ਕਰਨ ਵਿੱਚ ਮਦਦ ਕਰਦੀ ਹੈ। ਇਸ ਅਵੱਸਥਾ ਵਿੱਚ ਵਿਅਕਤੀ ਆਪਣੀ ਅਸਲ ਸੱਚਾਈ ਅਤੇ ਅਧਿਆਤਮਕ ਸਥਿਤੀ ਨੂੰ ਸਮਝਦਾ ਹੈ। "ਸੁੰਨ" ਦਾ ਅਰਥ ਖਾਲੀਪਨ ਨਹੀਂ ਹੈ ਬਲਕਿ ਖੁੱਲ੍ਹੇ ਮਨ ਅਤੇ ਅਹੰਕਾਰ ਤੋਂ ਮੁਕਤੀ ਹੈ ਜੋ ਕਿ ਪਰਮਾਤਮਾ ਦੀ ਅਵਿਹਾਰਕਤਾ ਅਤੇ ਅਸਮਾਨਤਾ ਨਾਲ ਜੁੜਨ ਦੀ ਪ੍ਰਕਿਰਿਆ ਨੂੰ ਦਰਸਾਉਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਅਵੱਸਥਾ ਨੂੰ ਇੱਕ ਸੱਚੀ ਆਤਮਿਕ ਜਾਗਰੂਕਤਾ ਦੇ ਰੂਪ ਵਿੱਚ ਪ੍ਰਸਤੁਤ ਕੀਤਾ। ਜਦੋਂ ਮਨੁੱਖ ਆਪਣੀ ਹਉਮੈ ਅਤੇ ਦੁਨਿਆਵੀ ਮੋਹ ਨੂੰ ਛੱਡਦਾ ਹੈ, ਤਾਂ ਉਹ ਇਸ ਅਧਿਆਤਮਕ ਅਵੱਸਥਾ ਨੂੰ ਪ੍ਰਾਪਤ ਕਰ ਸਕਦਾ ਹੈ ਜੋ ਉਹਨਾਂ ਦੀ ਆਤਮਕ ਸ਼ਾਂਤੀ ਅਤੇ ਆਨੰਦ ਵਿੱਚ ਯੋਗਦਾਨ ਪਾਉਂਦੀ ਹੈ। ਹਰਪ੍ਰੀਤ ਕੌਰ ਧੂਤ ਦੀ ਕਹਾਣੀ ਵਿੱਚ ਸੁੰਨ-ਸਮਾਧੀ ਨੂੰ ਆਤਮ ਜਾਗਰਣ ਦੇ ਰੂਪ ਵਿੱਚ ਦਰਸਾਇਆ ਗਿਆ ਹੈ। ਇਸ ਕਹਾਣੀ ਵਿੱਚ ਸੁਪਨਿਆਂ ਨੂੰ ਰੂਪਕ ਦੇ ਤੌਰ ਤੇ ਵਰਤਿਆ ਗਿਆ ਹੈ ਜਿਵੇਂ ਕਿ ਅੱਗ ਅਤੇ ਜੰਗਲ ਦੇ ਰੂਪਕ ਆਤਮਕ ਉਲਝਣ ਅਤੇ ਬ੍ਰਹਿਮੰਡਕ ਸ਼ਕਤੀਆਂ ਨੂੰ ਦਰਸਾਉਂਦੇ ਹਨ। ਪਰਨੀਤ ਦੇ ਸੁਪਨਿਆਂ ਵਿੱਚ ਉਹ ਅਗਨੀ ਅਤੇ ਜੰਗਲ ਦੇ ਰੂਪਕਾਂ ਦੁਆਰਾ ਆਤਮ ਜਾਗ੍ਰਿਤੀ ਅਤੇ ਬ੍ਰਹਿਮੰਡੀ ਸ਼ਕਤੀਆਂ ਰਾਹੀਂ ਸੰਕਲਪਿਤ ਹੁੰਦੀ ਹੈ। ਇਹ ਪ੍ਰਕਿਰਿਆ ਸੁੰਨ- ਸਮਾਧੀ ਦੀ ਪ੍ਰਾਪਤੀ ਵੱਲ ਰਾਹਦਾਰੀ ਹੈ ਜੋ ਅੰਤਮ ਮੁਕਤੀ, ਅਧਿਆਤਮਕ ਸ਼ਾਂਤੀ ਅਤੇ ਪਰਮਾਤਮਾ ਨਾਲ ਏਕਤਾ ਦੀ ਅਵੱਸਥਾ ਹੈ।*

***ਕੀਵਰਡ (Keyword): ਸੁੰਨ-ਸਮਾਧੀ, ਅਧਿਆਤਮਕ ਯਾਤਰਾ, ਪਰਮਾਤਮਾ, ਅਦਵੈਤ, ਆਤਮ-ਜਾਗਰਣ, ਰੂਪਕ, ਸਵੈ-ਪਛਾਣ।***

ਸਿੱਖ ਧਰਮ ਦੀ ਅਧਿਆਤਮਕ ਯਾਤਰਾ ਵਿੱਚ ਸੁੰਨ-ਸਮਾਧੀ ਦੀ ਧਾਰਨਾ ਦਾ ਮਹੱਤਵਪੂਰਨ ਸਥਾਨ ਹੈ। ਇਹ ਅਦਵੈਤ ਦੀ ਅਵੱਸਥਾ ਹੈ। ਪਰਮਾਤਮਾ ਨਾਲ ਪੂਰਨ ਅਭੇਦ ਜਿੱਥੇ ਵਿਅਕਤੀਗਤ ਸਵੈ, ਸਰਬ ਵਿਆਪਕ ਸਵੈ ਵਿੱਚ ਅਭੇਦ ਹੋ ਜਾਂਦਾ ਹੈ। ਸੁੰਨ-ਸਮਾਧੀ ਸ਼ਬਦ ਸੰਸਕ੍ਰਿਤ ਦੇ ਸ਼ਬਦ ਸਮਾਧੀ ਤੋਂ ਲਿਆ ਗਿਆ ਹੈ। ਜਿਸ ਦਾ ਅਰਥ ਹੈ ਮਿਲਾਪ ਜਾਂ ਪੂਰਾ ਸਮਾਈ ਅਤੇ ਸੁੰਨ ਜਿਸ ਦਾ ਅਰਥ ਹੈ ਸ਼ੂਨਿਆ ਜਾਂ ਖਾਲੀਪਨ ਸਿੱਖ ਧਰਮ ਦੇ ਸੰਦਰਭ ਵਿੱਚ ਇਹ ਖਾਲੀਪਨ ਦੀ ਘਾਟ ਨਹੀਂ ਹੈ ਪਰ ਬ੍ਰਹਮ ਹਸਤੀ ਨਾਲ ਭਰਪੂਰ ਪਰਮ ਚੇਤਨਾ ਦੀ ਅਵੱਸਥਾ ਹੈ। ਸੁੰਨ-ਸਮਾਧੀ ਦਾ ਸੰਕਲਪ ਸਿਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਵਿੱਚ ਡੂੰਘੀਆਂ ਜੜ੍ਹਾਂ ਹਨ। ਉਹਨਾਂ ਨੇ ਸੁੰਨ ਦੀ ਅਵਸਥਾ ਨੂੰ ਪ੍ਰਾਪਤ ਕਰਨ ਦੇ ਮਹੱਤਵ ਤੇ ਜ਼ੋਰ ਦਿੱਤਾ। ਪੂਰਨ ਸ਼ਾਂਤੀ ਅਤੇ ਚੁੱਪ ਦੀ ਅਵੱਸਥਾ ਜਿੱਥੇ ਵਿਅਕਤੀ ਭੌਤਿਕ ਖੇਤਰ ਤੋਂ ਪਾਰ ਹੋ ਜਾਂਦਾ ਹੈ ਅਤੇ ਪਰਮਾਤਮਾ ਨਾਲ ਅਭੇਦ ਹੋ ਜਾਂਦਾ ਹੈ। ਇਹ ਅਵੱਸਥਾ ਹਉਮੈ, ਇੱਛਾਵਾਂ ਅਤੇ ਦੁਨਿਆਵੀ ਮੋਹ ਦੀ ਅਣਹੋਂਦ ਦੁਆਰਾ ਦਰਸਾਈ ਗਈ ਹੈ। ਜਿਸ ਨਾਲ ਸ਼ਾਂਤੀ ਅਤੇ ਅਨੰਦ ਦੀ ਡੂੰਘੀ ਭਾਵਨਾ ਪੈਦਾ ਹੁੰਦੀ ਹੈ। ਸੁੰਨ-ਸਮਾਧੀ ਦੀ ਪ੍ਰਾਪਤੀ ਕੋਈ ਅਸਾਨ ਕੰਮ ਨਹੀਂ ਹੈ। ਇਸ ਲਈ ਡੂੰਘੇ ਸਿਮਰਨ ਸ਼ਰਧਾ ਅਤੇ ਬ੍ਰਹਮ ਇਛਾ ਨੂੰ ਪੂਰਨ ਸਮਰਪਣ ਦੀ ਲੋੜ ਹੈ। ਪਰਮਾਤਮਾ ਨਾਲ ਅਭੇਦ ਹੋਣ


Received: 30 April 2025 Accepted: 01 June 2025 Published: 13 June 2025

ਲਈ ਮਨੁੱਖ ਨੂੰ ਆਪਣੀ ਹਉਮੈ ਅਤੇ ਸਵੈ ਪਛਾਣ ਤਿਆਗ ਦੇਣੀ ਚਾਹੀਦੀ ਹੈ। ਇਸ ਪ੍ਰਕਿਰਿਆ ਨੂੰ ਅਕਸਰ ਮੈਂ ਤੋਂ ਅਸੀਂ ਅਤੇ ਫਿਰ ਉਹ ਤੱਕ ਦੀ ਯਾਤਰਾ ਵਜੋਂ ਦਰਸਾਇਆ ਜਾਂਦਾ ਹੈ।

*ਸਿੱਖ ਧਰਮ ਵਿੱਚ ਸੁੰਨ-ਸਮਾਧੀ ਨੂੰ ਮਨੁੱਖੀ ਜੀਵਨ ਦਾ ਅੰਤਿਮ ਟੀਚਾ ਮੰਨਿਆ ਗਿਆ ਹੈ। ਇਹ ਉਹ ਅਵੱਸਥਾ ਹੈ ਜਿੱਥੇ ਵਿਅਕਤੀ ਆਪਣੇ ਸੱਚੇ ਸੁਭਾਅ ਨੂੰ ਅਨੁਭਵ ਕਰਦਾ ਹੈ ਜੋ ਕਿ ਬ੍ਰਹਮ ਹੈ। ਇਹ ਅਹਿਸਾਸ ਵਿਅਕਤੀ ਦੀ ਅਸਲੀਅਤ ਦੀ ਧਾਰਨਾ ਵਿੱਚ ਤਬਦੀਲੀ ਲਿਆਉਂਦਾ ਹੈ। ਉਹ ਹੁਣ ਆਪਣੇ ਆਪ ਨੂੰ ਪਰਮਾਤਮਾ ਤੋਂ ਵੱਖ ਨਹੀਂ ਸਮਝਦਾ ਸਗੋਂ ਉਸ ਦਾ ਇੱਕ ਹਿੱਸਾ ਸਮਝਦਾ ਹੈ। ਸਿੱਟੇ ਵਜੋਂ ਸਿੱਖ ਧਰਮ ਵਿੱਚ ਸੁੰਨ ਸਮਾਧੀ ਨਿਰਲੇਪਤਾ ਦੀ ਇੱਕ ਡੂੰਘੀ ਅਵੱਸਥਾ ਹੈ ਜਿੱਥੇ ਵਿਅਕਤੀ ਦਾ ਸਵੈ ਪਰਮਾਤਮਾ ਨਾਲ ਅਭੇਦ ਹੋ ਜਾਂਦਾ ਹੈ। ਇਹ ਸਵੈ ਬੋਧ ਅਤੇ ਅਧਿਆਤਮਕ ਜਾਗ੍ਰਿਤੀ ਦੀ ਯਾਤਰਾ ਹੈ ਜੋ ਪਰਮ ਚੇਤਨਾ ਅਤੇ ਅਨੰਦ ਦੀ ਅਵੱਸਥਾ ਵੱਲ ਲੈ ਜਾਂਦੀ ਹੈ। ਇਸ ਅਵੱਸਥਾ ਨੂੰ ਪ੍ਰਾਪਤ ਕਰਨ ਲਈ ਤੀਬਰ ਸ਼ਰਧਾ ,ਸਿਮਰਨ ਅਤੇ ਬ੍ਰਹਮ ਇੱਛਾ ਦੇ ਸਮਰਪਣ ਦੀ ਲੋੜ ਹੁੰਦੀ ਹੈ।*[1]

ਹਥਲੇ ਖੋਜ ਪੱਤਰ ਵਿੱਚ 'ਸੁੰਨ ਸਮਾਧੀ' ਕਹਾਣੀ ਮਨੁੱਖੀ ਜੀਵਨ ਦੇ ਇਸੇ ਅੰਤਿਮ ਟੀਚੇ ਨੂੰ ਲੈ ਕੇ ਆਪਣਾ ਬਿਰਤਾਂਤ ਸਿਰਜਦੀ ਹੈ। ਇਹ ਹਰਪ੍ਰੀਤ ਕੌਰ ਧੂਤ ਦੁਆਰਾ ਰਚਿਤ ਕਹਾਣੀ ਸੰਗ੍ਰਹਿ 'ਸੂਰਜ ਹਾਰ ਗਿਆ ਹੈ' ਵਿਚਲੀ ਇੱਕ ਕਹਾਣੀ ਹੈ। ਇਸ ਕਹਾਣੀ ਦਾ ਹਰ ਇੱਕ ਸ਼ਬਦ ਸਿਆਣਪ ਦੀ ਫੁਸਫੁਸਾਹਟ ਲੈ ਕੇ ਆਉਂਦਾ ਹੈ। ਇਹ ਮਨੁੱਖੀ ਆਤਮਾ ਲਈ ਇੱਕ ਸ਼ੀਸ਼ੇ ਦਾ ਕਾਰਜ ਕਰਦੀ ਹੈ। ਇਹ ਸਵੈ-ਖੋਜ ਦੀ ਡੂੰਘੀ ਸਮਝ ਲੈ ਕੇ ਉਭਰਦੀ ਹੈ। ਕਹਾਣੀ ਦਾ ਕਥਾਨਕ ਪਰਨੀਤ ਨਾਮ ਦੇ ਪਾਤਰ ਦੇ ਆਲੇ ਦੁਆਲੇ ਘੁੰਮਦਾ ਹੈ। ਇਸ ਪਾਤਰ ਨੂੰ ਬਾਲ ਅਵੱਸਥਾ 'ਤੋਂ ਲੈ ਕੇ ਢਲਦੀ ਜਵਾਨੀ ਦੀ ਉਮਰ ਤੱਕ ਚਿੱਤਰਿਆ ਗਿਆ ਹੈ। ਜਿਸ ਦੌਰਾਨ ਇਸ ਦੀ ਚੇਤਨਾ ਨੂੰ ਜਾਗ੍ਰਿਤ ਹੁੰਦੇ ਦਰਸਾਇਆ ਗਿਆ ਹੈ। 'ਸੁਪਨਾ' ਸੁੰਨ ਸਮਾਧੀ ਦਾ ਰੂਪਕ ਹੈ। ਸੁਪਨਿਆਂ ਦੀ ਰਹੱਸਮਈ ਦੁਨੀਆ ਨੇ ਸਦੀਆਂ ਤੋਂ ਮਨੁੱਖ ਨੂੰ ਮੋਹਿਤ ਕੀਤਾ ਹੋਇਆ ਹੈ। ਇਹ ਰੂਪਕ ਦੇ ਤੌਰ 'ਤੇ ਲੇਖਕਾਂ ਦਾਰਸ਼ਨਿਕਾਂ ਤੇ ਕਲਾਕਾਰਾਂ ਦੁਆਰਾ ਕੀਤੇ ਗਏ ਵਿਭਿੰਨ ਅਧਿਐਨ ਅਤੇ ਸਿਧਾਂਤਾਂ ਦਾ ਕੇਂਦਰ ਬਿੰਦੂ ਰਹੇ ਹਨ। ਰੂਪਕ ਅਲੰਕਾਰਿਕ ਭਾਸ਼ਾ ਹੈ ਜੋ ਕਿਸੇ ਬਿੰਦੂ ਨੂੰ ਸਪੱਸ਼ਟ ਕਰਨ ਲਈ ਸ਼ਕਤੀਸ਼ਾਲੀ ਅਤੇ ਵਿਚਾਰ ਉਤੇਜਕ ਚਿਤ੍ਰਿਤ ਕਿਰਿਆਵਾਂ ਨੂੰ ਆਧਾਰ ਬਣਾਉਂਦੀ ਹੈ। ਇਹ ਜਟਿਲ ਵਿਚਾਰਾਂ ਅਤੇ ਭਾਵਨਾਵਾਂ ਨੂੰ ਸਪੱਸ਼ਟ ਅਤੇ ਯਾਦਗਾਰੀ ਢੰਗ ਨਾਲ ਵਿਅਕਤ ਕਰਦੀ ਹੈ। ਇਹ ਕਠਿਨ ਅਵਧਾਰਨਾਵਾਂ ਨੂੰ ਜਾਣੂ ਅਨੁਭਵਾਂ ਨਾਲ ਜੋੜ ਕੇ ਸਧਾਰਨ ਪੱਧਰ ਤੇ ਸਮਝਣ ਵਿੱਚ ਸਹਾਈ ਹੁੰਦੀ ਹੈ। ਰੂਪਕ ਸੁਪਨਿਆਂ ਦੇ ਵਿੱਚ ਚਿੱਤ, ਚੇਤਨ ਅਤੇ ਅਚੇਤਨ ਮਨ ਦੇ ਵਿੱਚਕਾਰ ਇੱਕ ਪੁਲ ਦੇ ਰੂਪ ਵਿੱਚ ਕਾਰਜ ਕਰਦੇ ਹੋਏ ਲੁਕੀਆਂ ਛਿਪੀਆਂ ਇੱਛਾਵਾਂ,ਭਾਵਨਾਵਾਂ, ਭੈਅ ਅਤੇ ਪ੍ਰੇਰਣਾਵਾਂ ਨੂੰ ਪ੍ਰਗਟ ਕਰਦੇ ਹਨ। ਹੱਥਲੀ ਕਹਾਣੀ ਵਿੱਚ ਸੁਪਨਿਆਂ ਦੇ ਰੂਪਕ ਦਾ ਕੇਂਦਰ ਬਿੰਦੂ ਆਤਮ-ਜਾਗਰਣ ਹੈ। ਪਰਨੀਤ ਨੂੰ ਸੁਪਨਿਆਂ ਦੀ ਅਲੰਕਾਰਿਕ ਭਾਸ਼ਾ ਆਤਮ- ਜਾਗਰਣ ਲਈ ਪ੍ਰੇਰ ਰਹੀ ਹੈ।

ਆਤਮਾ ਭਾਰਤੀ ਦਰਸ਼ਨ ਦਾ ਆਧਾਰ ਹੈ। ਆਤਮਾ ਦਾ ਪ੍ਰਤੀਕ ਸਵੈ ਜਾਂ ਵਿਅਕਤੀਗਤ ਹੈ ਜਿਹੜਾ ਕਿ ਭੌਤਿਕ ਸਰੀਰ ਦੀਆਂ ਸੀਮਾਵਾਂ ਤੋਂ ਪਰੇ ਹੈ ਇਹ ਚੇਤਨਾ ਦਾ ਸਾਰ ਹੈ। ਇਹ ਭਾਰਤੀ ਦਰਸ਼ਨ ਦੀ ਅਧਿਆਤਮਕ ਆਧਾਰਸ਼ਿਲਾ ਦੇ ਰੂਪ ਵਿੱਚ ਕਾਰਜ ਕਰਦਾ ਹੈ। ਆਤਮਾ ਨੂੰ ਸ਼ਾਸ਼ਵਤ ਮੰਨਿਆ ਜਾਂਦਾ ਹੈ। ਇਸ ਦੀ ਗਹਿਰਾਈ ਵਿੱਚ ਉਤਰਨ ਨਾਲ ਵਿਅਕਤੀ ਨੂੰ ਵਿਅਕਤੀਗਤ ਪਹਿਚਾਣ ਚੇਤਨਾ ਦੀ ਪ੍ਰਗਤੀ ਦੇ ਬਾਰੇ ਜਾਣਨ ਨੂੰ ਮਿਲਦਾ ਹੈ। ਇਹ ਅਧਿਆਤਮਕਤਾ ਅਤੇ ਅਸਤਿੱਤਵ ਵਿਚ ਆਪਸੀ ਸੰਵਾਦ ਲਈ ਯੋਗਦਾਨ ਪਾਉਂਦਾ ਹੈ। ਆਤਮਾ ਦਾ ਸੰਕਲਪ ਸਵੈ ਦੇ ਬੋਧ ਵਾਸਤਵਿਕਤਾ ਦੀ ਪ੍ਰਕਿਰਤੀ ਅਤੇ ਮੁਕਤੀ ਦੀ ਖੋਜ ਦੀਆਂ ਧਾਰਨਾਵਾਂ ਨੂੰ ਆਪਣੇ ਵਿੱਚ ਸਮੋਈ ਬੈਠਾ ਹੈ। ਇਹ ਮਨੁੱਖ ਨੂੰ ਅਧਿਆਤਮਕ ਜਾਗ੍ਰਿਤੀ ਅਤੇ ਪੂਰਨਤਾ ਵੱਲ ਲੈ ਜਾਂਦਾ ਹੈ। ਪੂਰਨਤਾ ਜੋ ਅਦਵੈਤ ਸਰੂਪ ਦੀ ਪੇਸ਼ਕਾਰੀ ਕਰਦੀ ਹੈ। ਉਹ ਦਵੈਤ ਅਧਿਆਤਮਕ ਅਨੁਸ਼ਾਸਨ ਅਤੇ ਅਨੁਭਵ ਦਾ ਮਾਰਗ ਹੈ। ਇਸ ਦੇ ਅਨੁਸਾਰ ਮੋਕਸ਼ ਬ੍ਰਹਮ ਗਿਆਨ ਰਾਹੀਂ ਪ੍ਰਾਪਤ ਹੁੰਦਾ ਹੈ। ਇਹ ਦੱਸਦਾ ਹੈ ਕਿ ਅਸਲ ਵਿੱਚ ਜੀਵ ਆਤਮਾ ਅਤੇ ਬ੍ਰਹਮ ਦੇ ਵਿੱਚ ਕੋਈ ਅੰਤਰ ਨਹੀਂ ਹੈ। ਬ੍ਰਹਮ ਦੇ ਰੂਪ ਦੀ ਵਾਸਤਵਿਕ ਪਹਿਚਾਣ ਹੋਣ 'ਤੇ ਜੀਵ- ਆਤਮਾ ਪਰਮਾਤਮਾ ਦੇ ਵਿੱਚ ਲੀਨ ਹੋ ਜਾਂਦੀ ਹੈ। ਇਹ ਬ੍ਰਹਮ ਵਿੱਚ ਪੂਰਨ ਅਭੇਦ ਦੀ ਸਥਿਤੀ ਹੈ। ਹਰੇਕ ਆਤਮਾ ਪੁਨਰਜੀਵਨ ਦੀ ਚੱਕਰ ਪ੍ਰਕਿਰਿਆ ਵਿੱਚੋਂ ਆਤਮਾ ਦੇ ਵਿਕਾਸ ਲਈ ਉਚਿਤ ਸਬਕ ਸਿੱਖਦੀ ਹੈ। ਇਹ ਨਿਰੰਤਰ ਚੱਕਰ ਮੋਕਸ਼ ਦਾ ਮਹੱਤਵਪੂਰਨ ਟੀਚਾ ਲੈ ਕੇ ਉਭਰਦਾ ਹੈ। ਮੋਕਸ਼ ਪਾਰਬ੍ਰਹਮ ਨਾਲ ਏਕਤਾ ਦੀ ਪ੍ਰਾਪਤੀ ਨੂੰ ਦਰਸਾਉਂਦਾ ਹੈ ਅਤੇ ਜਨਮ ਅਤੇ ਮ੍ਰਿਤੂ ਦੇ ਚੱਕਰ ਤੋਂ ਮੁਕਤ ਹੋਣ ਦਾ ਪ੍ਰਤੀਨਿਧਤਵ ਕਰਦਾ ਹੈ।

ਭੌਤਿਕਤਾ ਦੇ ਬੰਧਨ ਅਧੀਨ ਅਗਿਆਨੀ ਵਿਅਕਤੀ ਚਿੱਤ ਦੀਆਂ ਅਸ਼ੁੱਧੀਆਂ ਵਿੱਚ ਫਸੇ ਰਹਿੰਦੇ ਹਨ। ਉਹ ਆਤਮਾ ਤੇ ਪਰਮਾਤਮਾ ਦੀ ਖੋਜ ਤੋਂ ਕੋਸਾਂ ਦੂਰ ਰਹਿੰਦੇ ਹਨ। ਜਿਗਿਆਸੂ ਅਤੇ ਚੇਤਨ ਵਿਅਕਤੀ ਆਪਣੀ ਆਤਮਾ ਤੇ ਪਰਮਾਤਮਾ ਦੇ ਨਾਲ ਮਿਲਣ ਲਈ ਯਤਨਸ਼ੀਲ ਰਹਿੰਦੇ ਹਨ। ਜਿਹੜੀਆਂ ਆਤਮਾਵਾਂ ਪਿਛਲੇ ਜਨਮ ਤੋਂ ਹੀ ਪਰਮਾਤਮਾ ਦੀ ਖੋਜ ਵਿੱਚ ਚੇਤਨ ਹੁੰਦੀਆਂ

ਹਨ ਉਹੀ ਆਤਮਾਵਾਂ ਆਪਣੇ ਵਰਤਮਾਨ ਜਨਮ ਵਿੱਚ ਪਰਮਾਤਮਾ ਤੱਕ ਪੁੱਜਣ ਲਈ ਯਤਨਸ਼ੀਲ ਰਹਿੰਦੀਆਂ ਹਨ। ਪਰਨੀਤ ਅਜਿਹੀ ਹੀ ਇਕ ਆਤਮਾ ਹੈ, ਜੋ ਪਿਛਲੇ ਜਨਮ ਤੋਂ ਹੀ ਚੇਤਨ ਹੈ। ਜਿਸ ਨੇ ਆਪਣੇ ਵਰਤਮਾਨ ਜਨਮ ਵਿੱਚ ਪਰਮਾਤਮਾ ਨਾਲ ਮਿਲਣ ਲਈ ਹੋਰ ਵੀ ਯਤਨ ਕਰਨੇ ਹਨ। ਇਸ ਲਈ ਬਚਪਨ ਤੋਂ ਹੀ ਤਾਇਆ ਬਲਿਹਾਰ ਪਰਨੀਤ ਨੂੰ, *"ਰੱਬੀ ਰੂਹ"* [2] ਚਾਚਾ ਬਲਵੰਤ ਸਿੰਘ *"ਕੋਈ ਪੁਰਾਣੇ ਜ਼ਮਾਨੇ ਦੀ ਰਾਜਕੁਮਾਰੀ"* [3] ਅਤੇ ਫਕੀਰ ਬਾਬਾ *"ਰੱਬ ਦਾ ਪਾਕ ਸਾਇਆ"* [4] ਦੱਸਦੇ ਹਨ।

ਬਾਜੀਗਰ ਨੂੰ ਵੀ ਪਰਨੀਤ ਦੀਆਂ ਅੱਖਾਂ ਵਿੱਚ ਦੇਖਦੇ ਸਾਰ ਹੀ *"ਰੱਬ ਵਰਗਾ ਸਕੂਨ"* [5] ਮਿਲਦਾ ਹੈ। ਪਰਨੀਤ ਦਾ ਤਾਇਆ ਜੋ ਇਕਾਂਤ ਅਵੱਸਥਾ ਵਿੱਚ ਰਹਿੰਦਾ ਹੈ। ਉਹ ਸੰਤੁਸ਼ਟੀ ਭਰੇ ਪਲ ਸਿਰਫ਼ ਪਰਨੀਤ ਨਾਲ ਹੀ ਗੁਜ਼ਾਰਦਾ ਹੈ। ਪਰਨੀਤ ਨਾਲ ਰਹਿ ਕੇ ਉਸਨੂੰ ਆਤਮਕ ਸ਼ਾਂਤੀ ਮਿਲਦੀ ਹੈ। ਫਕੀਰ ਬਾਬਾ ਜਿਸ ਦੀ ਆਤਮਾ ਜਾਗ੍ਰਿਤ ਹੈ ਉਸਦੀ ਦ੍ਰਿਸ਼ਟੀ ਵੀ ਪਰਨੀਤ ਵਿਚਲੀ ਚੇਤਨਾ ਨੂੰ ਦੇਖਦੀ ਹੈ। ਬਾਜ਼ੀਗਰਨੀ ਦੀ ਸੂਝਵਾਨ ਦ੍ਰਿਸ਼ਟੀ ਪਰਨੀਤ ਦੇ ਵਿੱਚ ਰੱਬੀ ਰੂਹ ਦਾ ਅਹਿਸਾਸ ਕਰਦੀ ਹੈ।

ਕਿਸੇ ਵਿਅਕਤੀ ਨੇ ਸਮਾਜਕ ਸਫ਼ਲਤਾ ਜਾਂ ਸੰਸਾਰਕ ਭੌਤਿਕ ਸੁਖ ਹਾਸਿਲ ਕਰ ਲਿਆ ਹੈ। ਫਿਰ ਵੀ ਉਸ ਕੋਲ ਅਸੰਤੁਸ਼ਟੀ ਦੀ ਭਾਵਨਾ ਬਣੀ ਰਹਿੰਦੀ ਹੈ। ਅਸੰਤੁਸ਼ਟੀ ਦੀ ਭਾਵਨਾ ਨੂੰ ਜਾਣਨ ਦੀ ਤੀਬਰ ਇੱਛਾ ਅਕਸਰ ਅਧਿਆਤਮਕ ਜਾਗ੍ਰਿਤੀ ਵੱਲ ਇੱਕ ਵਿਅਕਤੀ ਦੀ ਯਾਤਰਾ ਦੇ ਸ਼ੁਰੂਆਤੀ ਪੜਾਅ ਨੂੰ ਦਰਸਾਉਂਦੀ ਹੈ। ਪਰਨੀਤ ਕੋਲ ਜ਼ਿੰਦਗੀ ਦੇ ਸਾਰੇ ਸੁੱਖ ਤੇ ਸੁਵਿਧਾਵਾਂ ਮੌਜੂਦ ਸਨ ਪਰੰਤੂ ਫਿਰ ਵੀ ਉਸਦਾ ਮਨ ਅਸ਼ਾਂਤ ਸੀ। ਉਸਦੇ ਅੰਦਰ ਆਪਣੇ ਅਸ਼ਾਂਤ ਮਨ ਦੇ ਕਾਰਨ ਨੂੰ ਜਾਣਨ ਦੀ ਤੀਬਰ ਇੱਛਾ ਰਹਿੰਦੀ ਸੀ।

*"ਮੇਰਾ ਦਿਲ ਕਰਨ ਲੱਗਦਾ ਹੈ ਕਿ ਮੈਂ ਕਿਤੇ ਬਹੁਤ ਹੀ ਦੂਰ ਚਲੀ ਜਾਵਾਂ ਜਿੱਥੇ ਕੋਈ ਵੀ ਮੇਰੇ ਮਨ ਦੀ ਸ਼ਾਂਤੀ ਨੂੰ ਖਰਾਬ ਨਾ ਕਰ ਸਕੇ।"* [6]

ਬ੍ਰਹਿਮੰਡਕ ਸ਼ਕਤੀਆਂ ਮਨੁੱਖ ਨੂੰ ਵਿਭਿੰਨ ਸਰੋਤਾਂ ਰਾਹੀਂ ਸਵੈ ਦੀ ਪਛਾਣ ਕਰਨ ਲਈ ਪ੍ਰੇਰਦੀਆਂ ਹਨ। ਸੁਪਨੇ ਇਹਨਾਂ ਵਿਭਿੰਨ ਸਰੋਤਾਂ ਵਿੱਚੋਂ ਪ੍ਰੇਰਿਤ ਸਰੋਤ ਹਨ। ਜੋ ਅਲੰਕਾਰਕ ਭਾਸ਼ਾ ਰਾਹੀਂ ਜੀਵ ਆਤਮਾ ਨੂੰ ਪਾਰਬ੍ਰਹਮ ਦੇ ਵਾਸਤਵਿਕ ਗਿਆਨ ਨਾਲ ਜਾਣੂ ਕਰਵਾਉਣ ਲਈ ਸੰਕੇਤ ਦਿੰਦੇ ਹਨ। ਪਰਨੀਤ ਨੂੰ ਸੁਪਨੇ ਵਿੱਚ ਅਗਨੀ ਦੀ ਭੇਟ ਹੋਇਆ ਜੰਗਲ ਬਾਰ ਬਾਰ ਦਿਸਦਾ ਹੈ। ਇਹ ਪ੍ਰਤੀਕ ਸੁਪਨਿਆਂ ਦੀ ਅਲੰਕਾਰਿਕ ਭਾਸ਼ਾ ਹੈ। ਜਿਵੇਂ-

*"ਅੱਗ ਅੱਗ ਇਹ ਅੱਗ ਵੱਧਦੀ ਜਾ ਰਹੀ ਹੈ.........."* [7]

*"ਮੈਂ ਅੱਗ ਵਿੱਚ ਘਿਰ ਗਈ ਸੀ।"* [8]

*"ਬਹੁਤ ਹੀ ਵਾਰ ਇਹ ਜੰਗਲ ਵਿੱਚ ਅੱਗ ਵਿੱਚ ਘਿਰੀ ਹੁੰਦੀ ਹੈ।"* [9]

ਅਗਨੀ ਅਧਿਆਤਮਕ ਸਾਰ ਦਾ ਪ੍ਰਤੀਕ ਹੈ। ਇਹ ਪ੍ਰਕ੍ਰਿਤੀ ਤੱਤਾਂ ਅਤੇ ਚੇਤਨਾ ਦਾ ਪ੍ਰਤੀਨਿਧਤਵ ਕਰਦੀ ਹੈ ਇਹ ਅਧਿਆਤਮਕ ਖੇਤਰਾਂ ਦੀ ਉੱਚ ਅਵੱਸਥਾ ਵੱਲ ਦੀ ਯਾਤਰਾ ਦਾ ਮਹੱਤਵਪੂਰਨ ਚਰਨ ਵੀ ਹੈ। ਇਹ ਪਰਿਵਰਤਨ ਅਤੇ ਅਗਿਆਨਤਾ ਨੂੰ ਜਲਾਉਣ ਦਾ ਪ੍ਰਤੀਨਿਧਤਵ ਕਰਦੀ ਹੈ। ਇਹ ਨੈਤਿਕ ਵਿਹਾਰ ਵਿੱਚ ਪਰਿਵਰਤਨ ਦੀ ਜ਼ਰੂਰਤ ਨੂੰ ਵੀ ਸੂਚਿਤ ਕਰਦੀ ਹੈ।

ਪਰਨੀਤ ਸੁਪਨੇ ਵਿੱਚ ਆਪਣੇ ਆਪ ਨੂੰ ਜੰਗਲ ਵਿੱਚ ਗੁੰਮ ਹੋਇਆ ਦੇਖਦੀ ਹੈ। ਅਧਿਆਤਮ ਅਨੁਸਾਰ ਜੰਗਲ ਅਧਿਆਤਮਕ ਵਿਕਾਸ ਦਾ ਪ੍ਰਤੀਕ ਹੈ। ਇਹ ਆਤਮ-ਖੋਜ ਵੱਲ ਵਿਅਕਤੀ ਦੀ ਯਾਤਰਾ ਨੂੰ ਸੂਚਿਤ ਕਰਦਾ ਹੈ। ਪਰੰਤੂ ਪਰਨੀਤ ਦਾ ਜੰਗਲ ਦੇ ਵਿੱਚ ਗੁੰਮ ਹੋ ਜਾਣਾ ਅਨਿਸ਼ਚਿਤਤਾ ਅਤੇ ਸਪੱਸ਼ਟਤਾ ਦੀ ਕਮੀ ਨੂੰ ਦਰਸਾਉਂਦਾ ਹੈ। ਉਸਦਾ ਜੰਗਲ ਦੇ ਵਿੱਚ ਗੁੰਮ ਹੋ ਜਾਣਾ ਅਧਿਆਤਮਕ ਰੂਪ ਤੋਂ ਅਨਸੁਲਝੇ ਮੁੱਦਿਆਂ ਜਾਂ ਉਲਝਣ ਨੂੰ ਵਿਅਕਤ ਕਰਦਾ ਹੈ। ਪਰਨੀਤ ਬ੍ਰਹਿਮੰਡਕ ਸ਼ਕਤੀਆਂ ਦੁਆਰਾ ਆਤਮ-ਜਾਗਰਣ ਲਈ ਮਿਲ ਰਹੇ ਸੰਕੇਤਾਂ ਪ੍ਰਤੀ ਅਨਿਸ਼ਚਿਤ ਅਤੇ ਅਸਪੱਸ਼ਟ ਹੈ। ਜੰਗਲ ਦੇ ਵਿੱਚ ਗੁੰਮ ਹੋ ਜਾਣਾ ਉਸ ਦੀ ਅਧਿਆਤਮਕ ਉਲਝਣ ਦਾ ਪ੍ਰਤੀਕ ਹੈ।

*ਮੰਮੀ, ਉਹ ਮੈਨੂੰ ਜੰਗਲ ਦੇ ਵਿੱਚ ਲੈ ਕੇ ਗਿਆ ਸੀ ਤੇ ਅੱਗ ਲੱਗਣ ਤੇ ਮੇਰਾ ਹੱਥ ਛੱਡ ਦਿੱਤਾ ਸੀ। .....* [10]

*ਨਾਲੇ ਜੰਗਲ ਵਿੱਚ ਗਵਾਚ ਜਾਂਦੀ ਹਾਂ।........* [11]

ਪਹਾੜਾਂ ਦੇ ਸਿਖ਼ਰ ਇਕਾਂਤ ਅਵਸਥਾ ਅਤੇ ਆਤਮ ਨਿਰੱਖਣ ਦੇ ਲਈ ਇੱਕ ਪਵਿੱਤਰ ਅਸਥਾਨ ਵਜੋਂ ਜਾਣੇ ਜਾਂਦੇ ਹਨ। ਪਹਾੜਾਂ ਦੀ ਲੈਅ ਬੱਧ ਸ਼ਾਂਤੀ ਵਿਚਾਰਾਂ ਦੀ ਸਪੱਸ਼ਟਤਾ ਅਤੇ ਗਹਿਰੀਆਂ ਭਾਵਨਾਵਾਂ ਨੂੰ ਅਧਿਆਤਮਕਤਾ ਦੇ ਉੱਚ ਸਿਖ਼ਰ ਵੱਲ ਲੈ ਜਾਂਦੀ ਹੈ। ਪਹਾੜ ਦੀ ਚੜ੍ਹਾਈ ਸੰਸਾਰਕ ਲੋਭ ਨੂੰ ਤਿਆਗਣ ਦਾ ਪ੍ਰਤੀਕ ਹੈ। ਪਹਾੜ ਤੇ ਚੜ੍ਹਨਾ ਦੈਨਿਕ ਜੀਵਨ ਦੇ ਬੋਝ ਨੂੰ ਪਿੱਛੇ ਛੱਡਦੇ ਹੋਏ ਪਵਿੱਤਰਤਾ ਅਤੇ ਉਥਾਨ ਦੇ ਵੱਲ ਨੂੰ ਵੱਧਣਾ ਹੈ। ਇਸ ਦੇ ਵਿਪਰੀਤ ਪਹਾੜ ਤੋਂ ਥੱਲੇ ਡਿੱਗਣਾ ਸ਼ਕਤੀ ਹੀਨਤਾ ਅਸਫ਼ਲਤਾ ਦੇ ਡਰ ਦੀਆਂ ਭਾਵਨਾਵਾਂ ਦਾ ਸੰਕੇਤ ਹੈ। ਸੁਪਨੇ ਵਿੱਚ ਪਰਨੀਤ ਨੂੰ ਇੰਝ ਮਹਿਸੂਸ ਹੁੰਦਾ ਹੈ,

ਜਿਵੇਂ ਉਸਨੂੰ ਕੋਈ ਪਹਾੜ ਤੋਂ ਧੱਕਾ ਦੇ ਰਿਹਾ ਹੈ। ਇਹ ਸੁਪਨਾ ਪਰਨੀਤ ਨੂੰ ਅਗਾਹ ਕਰ ਰਿਹਾ ਹੈ ਕੀ ਉਹ ਜਲਦ ਤੋਂ ਜਲਦ ਅਧਿਆਤਮ ਦੇ ਮਾਰਗ ਵਿਚਲੀਆਂ ਕਠਿਨਾਈਆਂ ਨੂੰ ਪਾਰ ਕਰ ਲਵੇ ਨਹੀਂ ਤਾਂ ਉਸਦਾ ਅਧਿਆਤਮਕ ਉਥਾਨ ਮੁਸ਼ਕਿਲ ਹੈ।

*ਕਈ ਵਾਰ ਉਸੇ ਜੰਗਲ ਦੇ ਵਿੱਚ ਪਹਾੜ ਤੋਂ ਕੋਈ ਧੱਕਾ ਦੇ ਜਾਂਦਾ ਹੈ।* [12]

ਸੁਪਨਿਆਂ ਦੇ ਵਿੱਚ ਸੱਪ ਸ਼ਕਤੀਸ਼ਾਲੀ ਅਧਿਆਤਮਕ ਮਹੱਤਵ ਰੱਖਦੇ ਹਨ। ਜੋ ਆਤਮ ਖੋਜ ਦੀ ਯਾਤਰਾ ਤੇ ਮਾਰਗ ਦਰਸ਼ਕ ਸ਼ਕਤੀ ਦੇ ਰੂਪ ਵਿੱਚ ਕਾਰਜ ਕਰਦੇ ਹਨ। ਇਹ ਕੁੰਡਲਨੀ ਊਰਜਾ ਦੀ ਅਵਧਾਰਨਾ ਨਾਲ ਜੁੜੇ ਹੋਏ ਹਨ। ਕੁੰਡਲਨੀ ਊਰਜਾ ਜੀਵਨ ਸ਼ਕਤੀ ਹੈ ਜਿਹੜੀ ਕਿ ਮਨੁੱਖ ਦੇ ਅੰਦਰ ਸੁਪਤ ਅਵਸਥਾ ਵਿੱਚ ਪਈ ਰਹਿੰਦੀ ਹੈ। ਇਸ ਨੂੰ ਅਧਿਆਤਮਕ ਅਭਿਆਸ ਰਾਹੀਂ ਜਾਗ੍ਰਿਤ ਕੀਤਾ ਜਾਂਦਾ ਹੈ। ਸੁਪਨਿਆਂ ਦੇ ਵਿੱਚ ਸੱਪਾਂ ਦੀ ਉਪਸਥਿਤੀ ਗਹਿਨ ਅਧਿਆਤਮਕ ਜਾਗਰਣ ਦੀ ਲੋੜ ਨੂੰ ਦਰਸਾਉਂਦੀ ਹੈ। ਇਹ ਮਨੁੱਖ ਨੂੰ ਉੱਚ ਗਿਆਨ ਦੀ ਤਲਾਸ਼ ਕਰਨ ਲਈ ਪ੍ਰੋਤਸਾਹਿਤ ਵੀ ਕਰਦੇ ਹਨ। ਪਰਨੀਤ ਨੂੰ ਸੱਪਾਂ ਦੇ ਸੁਫ਼ਨੇ ਗਿਆਨ ਦੀ ਤਲਾਸ਼ ਕਰਨ ਲਈ ਪ੍ਰੇਰਿਤ ਕਰਦੇ ਹਨ।

*ਇਸ ਨੂੰ ਜਿਆਦਾਤਰ ਸੁਫਨੇ ਸੱਪਾਂ ਤੇ ਜੰਗਲਾਂ ਦੇ ਆਉਂਦੇ ਨੇ...* [13]

ਪਰਨੀਤ ਨੂੰ ਸੁਪਨਿਆਂ ਦੇ ਵਿੱਚ ਖ਼ੂਬਸੂਰਤ ਮਹਿਲ ਵੀ ਦਿਖਾਈ ਦਿੰਦੇ ਹਨ। ਮਹਿਲ ਮਨ ਦੁਆਰਾ ਅਨੁਭਵ ਕੀਤੇ ਗਏ ਅਵਾਸਤਵਿਕ ਸੁਪਨਿਆਂ ਦੇ ਰੂਪਕ ਦਾ ਪ੍ਰਤੀਨਿਧਤਵ ਕਰਦਾ ਹੈ। ਖ਼ੂਬਸੂਰਤ ਮਹਿਲ ਦਾ ਖੰਡਰ ਵਿੱਚ ਪਰਿਵਰਤਿਤ ਹੋ ਜਾਣਾ ਭੌਤਿਕ ਸੰਪੱਤੀ ਦੀ ਅਸਥਿਰਤਾ ਦਾ ਪ੍ਰਤੀਕ ਹੈ। ਖੰਡਰ ਵਿੱਚ ਬਦਲਿਆ ਹੋਇਆ ਖ਼ੂਬਸੂਰਤ ਮਹਿਲ ਮਾਨਸਿਕ ਰਚਨਾਵਾਂ ਦੀ ਅਵਾਸਤਵਿਕਤਾ ਨੂੰ ਦਰਸਾਉਂਦਾ ਹੈ। ਇਹ ਦੱਸਦਾ ਹੈ ਕਿ ਮਾਨਸਿਕ ਰਚਨਾਵਾਂ ਥੋੜ-ਚਿਰ੍ਹੀਆਂ ਹੁੰਦੀਆਂ ਹਨ ਅਤੇ ਇਹ ਵਾਸਤਵਿਕਤਾ ਦੀ ਜਾਂਚ ਦਾ ਸਾਹਮਣਾ ਨਹੀਂ ਕਰ ਸਕਦੀਆਂ ਹਨ।

*ਇਹ ਖ਼ੂਬਸੂਰਤ ਮਹਿਲ ਖੰਡਰਾਤ ਵਿੱਚ ਕਿਵੇਂ ਬਦਲ ਗਿਆ ਹੈ...* [14]

ਬੱਦਲ ਵਿਚਾਰਾਂ ਅਤੇ ਮਨ ਦੀਆਂ ਗਹਿਰੀਆਂ ਭਾਵਨਾਵਾਂ ਦਾ ਪ੍ਰਤੀਨਿਧਤਵ ਕਰਦੇ ਹਨ। ਇਹ ਚਿੰਤਨਸ਼ੀਲ ਸੁਭਾਅ ਨੂੰ ਸੂਚਿਤ ਕਰਦੇ ਹਨ। ਚਮਕਦੇ ਹੋਏ ਬੱਦਲ ਮਨ ਅਤੇ ਭਾਵਨਾ ਵਿਚਲੀ ਸੰਤੁਲਿਤ ਸਥਿਤੀ ਦਾ ਵੀ ਸੰਕੇਤ ਹਨ।

ਅਧਿਆਤਮਕ ਮਾਰਗ ਤੇ ਚੱਲਣ ਵਾਲੇ ਵਿਅਕਤੀ ਲਈ ਪੁਰਾਣੀਆਂ ਗਤੀਵਿਧੀਆਂ, ਸਮਾਜਕ ਤੇ ਪਰਿਵਾਰਕ ਸਬੰਧ ਪ੍ਰਸੰਗਿਕਤਾ ਨਹੀਂ ਰੱਖਦੇ। ਵਿਅਕਤੀ ਨੂੰ ਪਰਿਚਿਤ ਸਬੰਧ ਅਤੇ ਦੈਨਿਕ ਗਤੀਵਿਧੀਆਂ ਆਪਣੇ ਲਈ ਉਪਯੁਕਤ ਨਹੀਂ ਲੱਗਦੀਆਂ ਹਨ। ਅਧਿਆਤਮਕ ਮਾਰਗ ਤੇ ਪੈ ਚੁੱਕੀ ਪਰਨੀਤ ਨੂੰ ਹੁਣ ਆਪਣੇ ਪਤੀ ਕਰਮਨ ਦਾ ਸਪਰਸ਼ ਵੀ ਸੁਖ਼ਦ ਨਹੀਂ ਲੱਗਦਾ ਹੈ।

*"ਉਹ ਮਹਿਸੂਸ ਕਰਦੀ ਹੈ ਕਿ ਕਰਮਨ ਉਸ ਨੂੰ ਛੂਏ ਨਾ ਉਸਨੂੰ ਲੱਗਦਾ ਹੈ ਕਿ ਕਰਮਨ ਨੇ ਉਸਦੇ ਜਿਸਮ ਨੂੰ ਜੂਠਾ ਕਰ ਦਿੱਤਾ ਹੈ।"* [15]

ਅਧਿਆਤਮਕ ਮਾਰਗ ਤੇ ਪਏ ਵਿਅਕਤੀ ਨੂੰ ਕਈ ਵਿਘਨ ਅਤੇ ਚੁਨੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਵਿਘਨ ਅਤੇ ਚੁਣੌਤੀਆਂ ਅਧਿਆਤਮਕ ਮਾਰਗ ਦਾ ਸੁਭਾਵਿਕ ਹਿੱਸਾ ਹਨ। ਇਹ ਜੀਵਨ ਦੇ ਉਤਾਰ-ਚੜ੍ਹਾਵਾਂ ਦੇ ਪ੍ਰਤੀ ਅਨੁਭਵ ਸਿਖਾਉਣ ਲਈ ਆਉਂਦੇ ਹਨ। ਅਧਿਆਤਮਕ ਮਾਰਗ ਤੇ ਪਏ ਹੋਏ ਵਿਅਕਤੀ ਨੂੰ ਉੱਚ ਸ਼ਕਤੀਆਂ ਪ੍ਰਤੀ ਸੰਦੇਹ ਵੀ ਹੁੰਦਾ ਹੈ ਜਿਵੇਂ ਪਰਨੀਤ ਉੱਚ ਸ਼ਕਤੀਆਂ ਪ੍ਰਤੀ ਆਪਣੀ ਖਿੱਚ ਨੂੰ ਸੰਦੇਹ ਦੀ ਦ੍ਰਿਸ਼ਟੀ ਦੇ ਨਾਲ ਦੇਖਦੀ ਹੈ।

*"ਇਹ ਧੋਖਾ ਵੀ ਹੋ ਸਕਦਾ ਹੈ ਤੇ ਕੁਝ ਖ਼ਾਸ ਵੀ ਹੋ ਸਕਦਾ ਹੈ...."* [16]

ਅਧਿਆਤਮਕ ਮਾਰਗ ਬੜੇ ਵੱਡੇ ਪੈਮਾਨੇ 'ਤੇ ਪਰਿਵਰਤਨ ਅਤੇ ਰੂਪਾਂਤਰਨ ਲਿਆਉਂਦਾ ਹੈ। ਇਹ ਪਰਿਵਰਤਨ ਅਜਿਹਾ ਹੁੰਦਾ ਹੈ ਜਿਸ ਵਿੱਚ ਵਿਅਕਤੀ ਆਪਣੇ ਆਪ ਨੂੰ ਗਵਾਚਾ ਹੋਇਆ ਮਹਿਸੂਸ ਕਰਦਾ ਹੈ। ਉਹ ਇਕੱਲੇਪਣ ਅਤੇ ਅਲਗਾਵ ਨਾਲ ਪੀੜਿਤ ਹੋਣ ਲੱਗਦਾ ਹੈ।

*"ਉਦਾਸੀਆਂ ਦੀ ਉਦਾਸੀ ਹੁੰਦੀ ਹੈ ਤੇ ਉਸ ਨਾਲ ਕਿਤੇ ਚਲੇ ਜਾਣ ਨੂੰ ਦਿਲ ਕਰਦਾ ਹੈ...."* [17]

*"ਬਹੁਤ ਵਾਰ ਜਦੋਂ ਮੈਂ ਸੌਂ ਕੇ ਉੱਠਦੀ ਹਾਂ ਤਾਂ ਮੇਰਾ ਦਿਲ ਕਰਦਾ ਹੈ ਕਿ ਮੈਂ ਘਰ ਛੱਡ ਦੇਵਾਂ...."* [18]

ਵਿਅਕਤੀ ਦੇ ਵਿਚਾਰਕ ਅਤੇ ਵਿਹਾਰਕ ਪੱਖ ਤੋਂ ਆਇਆ ਹੋਇਆ ਇਹ ਪਰਿਵਰਤਨ ਉਸ ਨੂੰ ਆਰਾਮਦਾਇਕ ਖੇਤਰ ਤੋਂ ਬਾਹਰ ਧਕੇਲਦਾ ਹੈ ਤਾਂ ਕਿ ਉਹ ਵੱਡੇ ਪੈਮਾਨੇ 'ਤੇ ਬਦਲਾਵਾਂ ਲਈ ਤਿਆਰ ਹੋ ਸਕੇ। ਇਹ ਬਦਲਾਵ ਅਧਿਆਤਮਕ ਪੱਧਰ ਦੇ ਹੁੰਦੇ ਹਨ। ਇਹ ਬਦਲਾਵ ਵਿਅਕਤੀ ਵਿਸ਼ੇਸ਼ ਲਈ ਨਵੀਆਂ ਸੰਭਾਵਨਾਵਾਂ ਅਤੇ ਵਿਸ਼ਵਾਸਾਂ ਨੂੰ ਖੋਲ ਰਹੇ ਹੁੰਦੇ ਹਨ। ਜੋ ਡਰਾਵਨੇ ਵੀ ਹੋ ਸਕਦੇ ਹਨ ਜਿਵੇਂ ਪਰਨੀਤ ਨੂੰ ਉਸਦੇ ਸੁਪਨਿਆਂ ਦੇ ਵਿੱਚ ਖ਼ੂਬਸੂਰਤ

ਮਹਿਲ ਖੰਡਰ ਵਿੱਚ ਪਰਿਵਰਤਿਤ ਹੁੰਦੇ ਨਜ਼ਰ ਆਉਂਦੇ ਹਨ।

"ਇਹ ਰਸਤਾ ਜੰਗਲ ਵਿੱਚ ਚੁੱਪ ਜਿਹੇ ਖੜੇ ਮਹਿਲ ਵੱਲ ਨੂੰ ਜਾ ਰਿਹਾ ਹੈ ਇਹ ਸਭ ਕੀ ਹੋ ਰਿਹਾ ਹੈ ਤੇ ਕਿਵੇਂ ਤੇ ਕਿਉਂ......" [19]

ਪਰਨੀਤ ਨੇ ਆਪਣੇ ਡਰਾਵਨੇ ਸੁਪਨਿਆਂ ਦੇ ਅਧਿਆਤਮਕ ਸੰਕੇਤਾਂ ਨੂੰ ਭਲੀ-ਭਾਂਤੀ ਸਮਝ ਲਿਆ ਹੈ। ਹੁਣ ਉਹ ਇਹਨਾਂ ਸੁਪਨਿਆਂ ਦੇ ਵਿੱਚ ਹੀ ਰਹਿਣਾ ਚਾਹੁੰਦੀ ਹੈ। ਸੁਪਨਿਆਂ ਦੇ ਅਣਜਾਨ ਵਿਅਕਤੀ ਦਾ ਸਾਥ ਉਸ ਨੂੰ ਆਨੰਦ ਦਿੰਦਾ ਹੈ। ਇਹ ਅਜਿਹਾ ਆਨੰਦ ਹੈ ਜੋ ਸਦੀਵੀ ਰਹਿਣ ਵਾਲਾ ਹੈ। ਉਸ ਨੂੰ ਪਰਦਾਰਪਣ ਹੋ ਚੁੱਕਾ ਹੈ ਕਿ ਅਣਜਾਨ ਵਿਅਕਤੀ ਹੋਰ ਕੋਈ ਨਹੀਂ ਪਰਮਾਤਮਾ ਹੈ ਜਿਸ ਦਾ ਉਹ ਖੁਦ ਅੰਸ਼ ਹੈ, ਜੋ ਉਸ ਦੇ ਨਾਲ ਸਦੀਆਂ ਤੋਂ ਹੈ।

*"ਉਹ ਤਾਂ ਮੇਰੇ ਨਾਲ ਮੇਰੇ ਜਨਮ ਤੋਂ ਵੀ ਪਹਿਲਾਂ ਦਾ ਹੈ ਉਸ ਨਾਲ ਮੇਰਾ ਮੋਹ ਮੋਹ ਇਸ ਦੁਨੀਆ ਦਾ ਨਹੀਂ ਹੈ।"* [20]

ਅਧਿਆਤਮਕ ਸਾਧਨਾ ਦਾ ਇਹ ਨਵਾਂ ਮਾਰਗ ਪਰਨੀਤ ਦੇ ਜੀਵਨ ਵਿੱਚ ਖੁਸ਼ੀਆਂ ਆਨੰਦ ਅਤੇ ਪਰਚੂਰਤਾ ਲੈ ਕੇ ਆਇਆ ਹੈ। ਜਿਸ ਨੂੰ ਉਹ ਆਪਣੇ ਖੁੱਲੇ ਹੱਥਾਂ ਦੇ ਨਾਲ ਸਵੀਕਾਰ ਕਰ ਰਹੀ ਹੈ। ਅਧਿਆਤਮਕ ਸਾਧਕ ਨੂੰ ਚੁਣੌਤੀਆਂ ਅਤੇ ਵਿਘਨਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਸ ਤੋਂ ਬਾਅਦ ਅਪਾਰ ਖੁਸ਼ੀ ਆਨੰਦ ਅਤੇ ਸ਼ਾਂਤੀ ਪ੍ਰਾਪਤ ਹੁੰਦੀ ਹੈ। ਡਰ ਅਤੇ ਭੈਅ ਦੀ ਭਾਵਨਾ ਤੋਂ ਮੁਕਤ ਹੋ ਕੇ ਅਧਿਆਤਮਕ ਸਾਧਕ ਸਵੈ ਨੂੰ ਰੂਪਾਂਤਰਿਤ ਕਰਦਾ ਹੈ।

ਭਾਰਤੀ ਪਰੰਪਰਾ ਅਨੁਸਾਰ ਆਤਮਾ ਅਗਿਆਨ ਅਵਿੱਦਿਆ ਅਤੇ ਭੌਤਿਕ ਅਸਤਿੱਤਵ ਦੇ ਭ੍ਰਮ ਕਾਰਨ ਅਸਪੱਸ਼ਟ ਰਹਿੰਦੀ ਹੈ। ਆਤਮਾ ਨੂੰ ਜਾਣਨ ਵਾਸਤੇ ਅਹੰਕਾਰ ਅਤੇ ਵਿਅਕਤੀਗਤ ਪਹਿਚਾਣ ਤੋਂ ਉੱਪਰ ਉੱਠਣਾ ਜਰੂਰੀ ਹੈ। ਅਧਿਆਤਮਕ ਸਾਧਨਾਵਾਂ ਵਿੱਚ ਆਤਮਾ, ਆਤਮਾ ਦੀ ਪ੍ਰਾਪਤੀ, ਆਤਮ ਜਾਗਰੂਕਤਾ ਅਤੇ ਅੰਤਰਕ ਸ਼ਾਂਤੀ ਦੀ ਸਥਿਤੀ ਹੈ। ਦੇਹ ਧਾਰੀ ਆਤਮਾ ਭੌਤਿਕ ਅਸਤਿੱਤਵ ਦੀ ਗ੍ਰਿਫ਼ਤ ਵਿੱਚ ਰਹਿੰਦੀ ਹੈ। ਅਧਿਆਤਮਕ ਯਤਨ ਅਤੇ ਈਸ਼ਵਰੀ ਸਹਾਇਤਾ ਨਾਲ ਇਹ ਦੇਹ ਤੋਂ ਮੁਕਤ ਹੁੰਦੀ ਹੈ। ਆਤਮਾ ਹਰੇਕ ਦੇ ਅੰਦਰ ਰਹਿੰਦੀ ਹੈ ਪਰੰਤੂ ਫਿਰ ਵੀ ਵਿਅਕਤੀ ਮੋਹ ਦੇ ਬੰਧਨ ਵਿੱਚ ਬੱਝੇ ਹੋਏ ਇਸ ਦੀ ਉਪਸਥਿਤੀ ਨੂੰ ਮਹਿਸੂਸ ਨਹੀਂ ਕਰਦੇ ਹਨ। ਆਤਮ ਅਧਿਐਨ ਦੇ ਮਾਰਗ 'ਤੇ ਅੱਗੇ ਵੱਧਦੀ ਹੋਈ ਪਰਨੀਤ ਨੂੰ ਇਹ ਸਮਝ ਆ ਗਿਆ ਸੀ ਕਿ,

*"ਰੂਹਾਨੀਅਤ ਤੱਕ ਪਹੁੰਚਣ ਦੇ ਲਈ ਮੋਹ ਨੂੰ ਤੋੜਨਾ ਪੈਂਦਾ ਹੈ।"* [21]

ਪਰਨੀਤ ਬਚਪਨ ਤੋਂ ਲੈ ਕੇ ਜਵਾਨੀ ਤੱਕ ਆਪਣੇ ਸੁਪਨਿਆਂ ਨੂੰ ਲੈ ਕੇ ਬੇਚੈਨ ਰਹਿੰਦੀ ਹੈ। ਉਹ ਆਪਣੇ ਸੁਪਨਿਆਂ ਤੋਂ ਡਰਦੀ ਹੈ। ਉਸ ਨੂੰ ਆਪਣੇ ਵਿਆਹ ਤੋਂ ਬਾਅਦ ਵੀ ਆ ਰਹੇ ਸੁਪਨੇ ਡਰਾਉਂਦੇ ਹਨ। ਉਹ ਆਪਣੇ ਪਤੀ ਨੂੰ ਆਪਣੇ ਸੁਪਨਿਆਂ ਵਿੱਚ ਮਿਲਣ ਵਾਲੇ ਅਣਜਾਨ ਸ਼ਖ਼ਸ ਬਾਰੇ ਦੱਸਣ ਤੋਂ ਝਿਜਕਦੀ ਹੈ। ਉਸ ਨੂੰ ਇੰਝ ਲੱਗਦਾ ਹੈ ਜਿਵੇਂ ਉਸ ਦਾ ਪਤੀ ਉਸ ਅਣਜਾਨ ਸ਼ਖ਼ਸ ਬਾਰੇ ਸੁਣ ਕੇ ਉਸ ਨਾਲ ਨਾਰਾਜ਼ ਹੋ ਜਾਵੇਗਾ।

ਆਤਮਾ ਨਾਲ ਸਾਖਿਅਤਕਾਰ ਸਾਰੀਆਂ ਆਤਮਾਵਾਂ ਦਾ ਅੰਤਿਮ ਟੀਚਾ ਹੈ। ਬ੍ਰਹਿਮੰਡਕ ਸ਼ਕਤੀਆਂ ਦੇਹ ਧਾਰੀ ਆਤਮਾਵਾਂ ਨੂੰ ਭੌਤਿਕ ਅਸਤਿੱਤਵ ਤੋਂ ਛੁੱਟਣ ਲਈ ਕਈ ਤਰ੍ਹਾਂ ਦੇ ਸੰਕੇਤ ਦਿੰਦੀਆਂ ਹਨ। ਪਿਛਲੇ ਜਨਮ 'ਤੋਂ ਹੀ ਪਰਮਾਤਮਾ ਦੀ ਤਲਾਸ਼ ਵਿੱਚ ਜਾਗ੍ਰਿਤ ਆਤਮਾਵਾਂ ਬ੍ਰਹਿਮੰਡ ਦੁਆਰਾ ਦਿੱਤੇ ਸੰਕੇਤਾਂ ਨੂੰ ਸਮਝ ਲੈਂਦੀਆਂ ਹਨ ਅਤੇ ਖ਼ੁਦ ਨੂੰ ਜਾਣਨ ਲਈ ਉਹ ਕਈ ਤਰ੍ਹਾਂ ਦੀਆਂ ਭੌਤਿਕ ਹੱਦ-ਬੰਦੀਆਂ ਨੂੰ ਪਾਰ ਕਰਦੀਆਂ ਹਨ ਤੇ ਬ੍ਰਹਿਮੰਡੀ ਅਨੁਭਵ ਦੁਆਰਾ ਪਰਮਾਤਮਾ ਦੇ ਵਿੱਚ ਲੀਨ ਹੋ ਜਾਂਦੀਆਂ ਹਨ। ਜਿਵੇਂ -ਜਿਵੇਂ ਪਰਨੀਤ ਬ੍ਰਹਿਮੰਡਕ ਸੰਕੇਤਾਂ ਦਾ ਅਨੁਭਵ ਕਰਦੀ ਜਾਂਦੀ ਹੈ। ਉਵੇਂ ਹੀ ਉਸਨੂੰ ਮਹਿਸੂਸ ਹੋਣਾ ਸ਼ੁਰੂ ਹੋ ਜਾਂਦਾ ਹੈ ਕਿ ਉਹ ਦੂਸਰੀਆਂ ਆਤਮਾਵਾਂ ਨਾਲੋਂ ਕੁਝ ਵੱਖਰੀ ਆਤਮਾ ਹੈ। ਜਿਸ ਨੂੰ ਬ੍ਰਹਿਮੰਡਕ ਊਰਜਾਵਾਂ ਕੁਝ ਵਿਸ਼ੇਸ਼ ਦੱਸਣ ਲਈ ਤਿਆਰ ਹਨ। ਸੁਪਨਿਆਂ ਵਿੱਚ ਮਿਲਣ ਵਾਲਾ ਅਣਜਾਨ ਵਿਅਕਤੀ ਜੋ ਉਸ ਨੂੰ ਜੰਗਲ ਦੀ ਬਲਦੀ ਹੋਈ ਅੱਗ ਦੇ ਵਿੱਚ ਧੱਕਾ ਦੇ ਦਿੰਦਾ ਸੀ। ਹੁਣ ਉਹ ਵਿਅਕਤੀ ਉਸਨੂੰ ਬੜੇ ਹੱਕ ਦੇ ਨਾਲ ਘੁੱਟ ਕੇ ਗੱਲਵੱਕੜੀ ਪਾਉਂਦਾ ਹੈ ਤੇ ਉਸ ਨੂੰ ਆਪਣੇ ਹੋਣ ਦਾ ਅਹਿਸਾਸ ਦਿਲਾਉਂਦਾ ਹੈ।

*"ਹੁਣ ਉਹ ਚਾਹੁੰਦੀ ਹੈ ਕਿ ਉਹ ਸੁਪਨੇ ਦੇ ਵਿੱਚ ਹੀ ਰਹੇ ਤਾਂ ਕਿ ਕਦੇ ਉਹ ਉਸ ਦਾ ਚਿਹਰਾ ਦੇਖ ਸਕੇ...."* [22]

ਉਸ ਨੂੰ ਇਹ ਅਹਿਸਾਸ ਹੋਣ ਲੱਗਾ ਸੀ ਕਿ ਅਣਜਾਨ ਸ਼ਖ਼ਸ ਦੇ ਨਾਲ ਉਸ ਦਾ ਵਾਸ਼ਨਾ ਭਰਿਆ ਸੰਬੰਧ ਨਹੀਂ ਸੀ। ਇਹ ਪਾਕ ਪਵਿੱਤਰ ਸੰਬੰਧ ਸਦੀਆਂ ਤੋਂ ਉਸਦੇ ਨਾਲ ਸੀ। ਇਸੇ ਸੰਘਰਸ਼ ਦੌਰਾਨ ਵਿਅਕਤੀ ਨੂੰ ਸ਼ੁੱਧ ਆਤਮਾ ਹੋਣ ਦਾ ਅਨੁਭਵ ਹੋ ਜਾਂਦਾ ਹੈ। ਉਹ ਆਤਮ ਸਾਖਿਅਤਕਾਰ ਦਾ ਅਨੁਭਵ ਕਰਦਾ ਹੈ। ਇਸ ਤਰ੍ਹਾਂ ਜੀਵ-ਆਤਮਾ ਦਾ ਆਤਮ ਜਾਗਰਣ ਹੋ ਜਾਂਦਾ ਹੈ। ਜਿਸ ਨੂੰ ਅਧਿਆਤਮਕ ਜਾਗ੍ਰਿਤੀ ਕਹਿੰਦੇ ਹਨ। ਇਹ ਜਾਗਰਣ ਜਨਮਾਂ ਤੋਂ ਮੁਕਤ ਕਰ ਦਿੰਦਾ ਹੈ ਅਤੇ ਵਿਅਕਤੀ ਨੂੰ ਮੋਕਸ਼ ਦੀ ਪ੍ਰਾਪਤੀ ਹੁੰਦੀ ਹੈ ਉਸਦੀ ਆਤਮਾ ਸੁਤੰਤਰ ਹੋ ਜਾਂਦੀ ਹੈ ਅਤੇ ਪਾਰਬ੍ਰਹਮ ਵਿੱਚ ਵਿਲੀਨ ਹੋ ਜਾਂਦੀ ਹੈ।

ਕਹਾਣੀਕਾਰਾ ਨੇ ਕਹਾਣੀ ਦੇ ਅੰਤ ਵਿੱਚ ਕਹਾਣੀ ਦੇ ਕੇਂਦਰ ਬਿੰਦੂ ਵੱਲ ਸੰਕੇਤ ਕਰਦੇ ਹੋਏ ਸ਼੍ਰੀ ਗੁਰੂ ਨਾਨਕ ਦੇਵ ਜੀ ਅਤੇ ਰਾਧਾ ਕ੍ਰਿਸ਼ਨ ਦੀ

ਅਲੌਕਿਕਤਾ ਨਾਲ ਸੰਬੰਧਿਤ ਉਦਾਹਰਣ ਦੇ ਕੇ ਪਾਰਬ੍ਰਹਮ ਦੀ ਸੁੰਨ ਸਮਾਧੀ ਦੀ ਅਵਸਥਾ ਦਾ ਵਿਵਰਨ ਦਿੱਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਾਰਬ੍ਰਹਮ ਨਾਲ ਅਭੇਦ ਹੋਣਾ ਉਹਨਾਂ ਦੇ ਇੱਕ ਸਰੋਤ ਨਾਲ ਅੰਤਿਮ ਮਿਲਾਪ ਨੂੰ ਦਰਸਾਉਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ ਬਿਰਤਾਂਤ ਇਹ ਦਰਸਾਉਂਦਾ ਹੈ ਕਿ ਅਧਿਆਤਮਕ ਜਾਗ੍ਰਿਤੀ ਅੰਦਰੂਨੀ ਅਹਿਸਾਸ ਦੀ ਯਾਤਰਾ ਹੈ ਜਿੱਥੇ ਸਵੈ ਅਤੇ ਬ੍ਰਹਮ ਵਿਚਕਾਰ ਕੋਈ ਭੇਦ ਨਹੀਂ ਰਹਿੰਦਾ ਹੈ।

ਸ੍ਰੀ ਰਾਧਾ ਰਾਣੀ ਅਤੇ ਸ੍ਰੀ ਕ੍ਰਿਸ਼ਨ ਦਾ ਅਲੌਕਿਕ ਸੰਬੰਧ ਅਦਵੈਤ ਦੀ ਪ੍ਰਤੀਨਿਧਤਾ ਕਰਦਾ ਹੈ। ਇਹਨਾਂ ਦੋਹਾਂ ਦਾ ਰਿਸ਼ਤਾ ਆਤਮਾ ਦੇ ਬ੍ਰਹਮ ਨਾਲ ਡੂੰਘੇ ਨਜ਼ਦੀਕੀ ਸੰਬੰਧ ਦਾ ਪ੍ਰਤੀਕ ਹੈ। ਅਦਵੈਤ ਦੇ ਸੰਦਰਭ ਵਿੱਚ ਦੋਹਾਂ ਦਾ ਪ੍ਰੇਮ ਵਿਅਕਤੀਗਤ ਪਛਾਣ ਦੀਆਂ ਸੀਮਾਵਾਂ ਨੂੰ ਪਾਰ ਕਰਦਾ ਹੈ ਅਤੇ ਹੋਂਦ ਦੀ ਏਕਤਾ ਵਿੱਚ ਅਭੇਦ ਹੋ ਜਾਂਦਾ ਹੈ। ਦੋਹਾਂ ਦਾ ਮਿਲਾਪ ਬ੍ਰਹਮ ਨਾਲ ਏਕਤਾ ਲਈ ਆਤਮਾ ਦੀ ਤਾਂਘ ਦਾ ਅਧਿਆਤਮਕ ਪ੍ਰਗਟਾਵਾ ਹੈ। ਸ੍ਰੀ ਰਾਧਾ ਰਾਣੀ ਦੀ ਸ੍ਰੀ ਕ੍ਰਿਸ਼ਨ ਪ੍ਰਤੀ ਸ਼ਰਧਾ ਇਸ ਅੰਤਮ ਸੱਚ ਨੂੰ ਪ੍ਰਗਟਾਉਂਦੀ ਹੈ ਕਿ ਵਿਅਕਤੀਗਤ ਆਤਮਾ ਅਤੇ ਪਰਮਤਮਾ ਅਟੁੱਟ ਹਨ।

ਉਪਰੋਕਤ ਵਿਚਾਰ ਵਿਸ਼ਲੇਸ਼ਣ ਉਪਰੰਤ ਇਹ ਕਿਹਾ ਜਾ ਸਕਦਾ ਹੈ ਕਿ ਇਹ ਕਹਾਣੀ ਪਰਨੀਤ ਨਾਮ ਦੇ ਪਾਤਰ ਦੇ ਅੰਤਹਕਰਨ ਦੀਆਂ ਲੜਾਈਆਂ ਦਾ ਪ੍ਰਤੀਕ ਹੈ। ਜਿਨ੍ਹਾਂ ਦਾ ਸਾਹਮਣਾ ਹਰ ਇੱਕ ਜੀਵ- ਆਤਮਾ ਕਰਦੀ ਹੈ। ਜਿਵੇਂ -ਜਿਵੇਂ ਉਹ ਉਮਰ ਦੇ ਪੜਾਅ ਪਾਰ ਕਰਦੀ ਹੈ, ਉਸਦੀ ਜ਼ਿੰਦਗੀ ਸੁਪਨਿਆਂ ਦੀ ਇਕ ਲੜੀ ਬਣ ਜਾਂਦੀ ਹੈ, ਇਹ ਲੜੀ ਹਰ ਇੱਕ ਆਖ਼ਰੀ ਨਾਲੋਂ ਵਧੇਰੇ ਸਪੱਸ਼ਟ ਅਤੇ ਪ੍ਰਤੀਕਾਤਮਕ ਹੁੰਦੀ ਜਾਂਦੀ ਹੈ। ਇਹ ਸੁਪਨੇ ਸਿਰਫ਼ ਉਸਦੀ ਕਲਪਨਾ ਮਾਤਰ ਨਹੀਂ ਹਨ, ਸਗੋਂ ਸਵੈ -ਚੇਤਨਾ ਵੱਲ ਉਸਦੀ ਯਾਤਰਾ ਦੇ ਡੂੰਘੇ ਦ੍ਰਿਸ਼ਟੀਕੋਣ ਹਨ। ਇਸ ਕਹਾਣੀ ਰਾਹੀਂ, ਕਹਾਣੀਕਾਰਾ ਨੇ ਨਾਜ਼ੁਕਤਾ ਨਾਲ ਸਾਨੂੰ ਇੱਕ ਡੂੰਘੀ ਜਾਗਰੂਕਤਾ ਵੱਲ ਲੈ ਜਾ ਕੇ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਬਾਹਰੀ ਅਤੇ ਅੰਦਰੂਨੀ ਦੋਵੇਂ ਤਰ੍ਹਾਂ ਦੀਆਂ ਰੁਕਾਵਟਾਂ ਆਤਮ-ਜਾਗਰਣ ਦੀ ਪ੍ਰਕਿਰਿਆ ਵਿਚ ਜ਼ਰੂਰੀ ਕਦਮ ਹਨ।

## ਹਵਾਲੇ ਅਤੇ ਟਿੱਪਣੀਆਂ


1. https://syndu.com/blog/sunn-samadhi-in-sikhism-merging-with-the-divine/
2. ਧੂਤ,ਹਰਪ੍ਰੀਤ ਕੌਰ, ਸੂਰਜ ਹਾਰ ਗਿਆ ਹੈ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2024,ਪੰਨਾ: 185
3. ਉਹੀ, ਪੰਨਾ: 185
4. ਉਹੀ, ਪੰਨਾ: 194
5. ਉਹੀ, ਪੰਨਾ: 186
6. ਉਹੀ, ਪੰਨਾ: 203
7. ਉਹੀ, ਪੰਨਾ: 191
8. ਉਹੀ, ਪੰਨਾ: 192
9. ਉਹੀ, ਪੰਨਾ: 194
10. ਉਹੀ, ਪੰਨਾ: 192
11. ਉਹੀ, ਪੰਨਾ: 190
12. ਉਹੀ, ਪੰਨਾ: 194
13. ਉਹੀ, ਪੰਨਾ: 194
14. ਉਹੀ, ਪੰਨਾ: 197
15. ਉਹੀ, ਪੰਨਾ: 204
16. ਉਹੀ, ਪੰਨਾ: 202
17. ਉਹੀ, ਪੰਨਾ: 202-201
18. ਉਹੀ, ਪੰਨਾ: 201
19. ਉਹੀ, ਪੰਨਾ: 197
20. ਉਹੀ, ਪੰਨਾ: 202
21. ਉਹੀ, ਪੰਨਾ: 202
22. ਉਹੀ, ਪੰਨਾ: 197



***Cite this Article-***

ਡਾ. ਰਜਨੀ ਹੰਸ (Dr Rajni Hans), *ਸੁੰਨ ਸਮਾਧੀ: ਪੂਰਨ ਅਭੇਦ (ਹਰਪ੍ਰੀਤ ਕੌਰ ਧੂਤ ਦੇ ਕਹਾਣੀ ਸੰਗ੍ਰਹਿ 'ਸੂਰਜ ਹਾਰ ਗਿਆ ਹੈ' ਦੇ ਸੰਦਰਭ 'ਚ) {SUN SAMADHI: PURAN ABHED (HARPREET KAUR DHOOT DE KAHANI SANGRHI 'SOORAJ HAAR GIA HAI' DE SANDRBH CH)}*, ਅਰਮਾਨ *(ARMAAN), ISSN: 2583-9446, Volume 3, Issue 2, April-June 2025, Page: 10-15.*

***Journal URL***: *www.armaan.org.in*

***DOI:*** *https://doi.org/10.64119/armaan.vol.3.issue2.03*



*This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/ ).*